# ਗੁਰਸ਼ਰਨ ਸਿੰਘ ਦੀ ਵਾਰ

## ਸੁਰਜੀਤ ਹਾਂਸ

ਸਨ ਉੱਨਤੀ ਜੰਮਿਆਂ ਲੋਕਾਂ ਦਾ ਸੂਰਾ
ਸ਼ਰਨ ਗੁਰੂ ਸਿੰਘ ਬੁਕਦਾ ਬਚਨਾ ਦਾ ਪੂਰਾ
ਸਿੱਖੀ ਦੇ ਸਤਿਕਾਰ ਹਿੱਤ ਉਹ ਵੱਟੇ ਹੂਰਾ
ਨਾਟਕ ਕਰੇ ਭਵਿੱਖ ਦਾ ਮਾਨਵ ਦਾ ਤੂਰਾ
ਵਾਮ-ਪੰਥ ਦੇ ਜੰਗਲੀਂ ਇਹ ਸ਼ੇਰ ਹੈ ਭੂਰਾ

ਬਾਲ-ਬਰੇਸੇ ਵੇਖਿਆ ਕੀ ਦਰਦ ਨਮਾਣਾ
ਬੰਦਾ ਕੁਦਰਤ ਮਾਰਦੀ ਜਾਂ ਫਿਰ ਜਰਵਾਣਾ
ਕੋਇਟੇ ਜਦੋਂ ਭੁਚਾਲ ਨੇ ਦੁੱਖ ਮਰਗ ਭੁਲਾਣਾ
ਇਕੋ ਹੱਭਲਾ ਸੱਚ ਹੈ ਬੰਦੇ ਦਾ ਭਾਣਾ
ਔਖਧ ਦਰਦਾਂ ਵਾਲੜੀ ਜਿਸ ਲੱਭਦੇ ਜਾਣਾ

ਬੱਝ 'ਲੜੀ ਪ੍ਰੀਤੀ' ਸੰਨ ਸੰਤਾਲੀ ਡਿੱਠਾ
ਜਦ ਸੰਵਤੰਤਰਤਾ ਬਣੀ ਕਤਲਾਂ ਦਾ ਚਿੱਠਾ
ਗੱਡੀਆਂ ਵੱਢਦੇ ਵੇਖ ਕੇ ਸੀ ਰੰਜ 'ਚ ਪਿੱਠਾ
ਕਰਨੀ ਕੌੜੀ ਹੋ ਗਈ ਜਿਉਂ ਹੋਵੇ ਰਿੱਠਾ
ਵਡੇ ਦਿਨਾਂ ਨੂੰ ਲੋਚਦਾ ਜੋ ਅਵਸਰ ਮਿੱਠਾ

ਚਲ ਰਫ਼ੂਜੀ ਆਂਵਦੇ ਜ਼ੁਲਮਾਂ ਦੇ ਮਾਰੇ
ਖ਼ਲਕਤ ਕਾਲਜ ਖ਼ਾਲਸੇ ਡੇਰੇ ਸੀ ਡਾਰੇ
ਰੋਗੀ ਬਿਰਧ ਲਾਵਾਰਸੇ ਆਯੁ ਦੇ ਹਾਰੇ
ਛੱਡ ਨਿਮਾਣਾ ਸਾਥ ਸੀ ਜਾਂਦੇ ਰਖਵਾਰੇ
ਹਰਨ ਆਸ਼੍ਰਮ ਖੋਲ੍ਹਿਆ ਉਸ ਜਾਈਏ ਵਾਰੇ

ਸਨ ਇਕਵੰਜਾ ਸੀ ਜਦੋਂ ਕਾਲਜ ਹੜਤਾਲਾਂ
ਜੋ ਵਿਦਿਆ ਦੇ ਹੁੱਜਤੀ ਪਏ ਕਰਨ ਕੁਚਾਲਾਂ

ਪੁਲਸ ਜਲੂਸ ਮੁਕਾਬਲੇ ਸੀ ਗੋਲੀਆਂ ਗਾਲ੍ਹਾਂ
ਲੀਡਰਾਂ ਦਾ ਲੀਡਰ ਸੂਰਮਾ ਕਰਨੀ ਦੀਆਂ ਢਾਲਾਂ
ਕੈਦੀ ਕੋਠੜੀ ਦੇਖੀਆਂ ਸੀ ਦਮਨ ਕਮਾਲਾਂ

ਵਿਦਿਆ ਪੜ੍ਹ ਕੇ ਬਣ ਗਿਆ ਸੀ ਗਿਆਤਾ
ਨੰਗਲ ਵਿਚ ਸੋਦੂਰ ਦਾ ਜਿਸ ਬਿਰਦ ਪਛਾਤਾ
ਖੁਰਚੂ-ਬੁਲਗਾ ਆਖਦੇ ਕੀ ਭਾਰਤ ਮਾਤਾ
ਪੂੰਜੀ ਨਾਲ ਭਿਆਲੜੀ ਸੀ ਗ਼ਦਰ ਕੁਜਾਤਾ
ਦਾਨੇ-ਬੀਨੇ ਵੇਖਿਆ ਨਹੀਂ ਅੰਨ੍ਹ ਸੁਜਾਤਾ

ਲੋਹੜੀ ਦੀ ਹੜਤਾਲ ਸੀ ਕਿ ਧੁੰਮਾਂ ਪਈਆਂ
ਮੂੰਹੋਂ-ਮੂੰਹੀਂ ਜੱਗ ਵਿਚ ਸੀ ਖ਼ਬਰਾਂ ਗਈਆਂ
ਕੁਦਿਆ ਸਿੰਘ ਮੈਦਾਨ ਵਿਚ ਨਹੀਂ ਝਈਆਂ ਲਈਆਂ
ਨਾਟਕ ਕਰਕੇ ਕਿਰਤ ਦਾ ਸੱਚੋ-ਸੱਚ ਕਹੀਆਂ
ਦਾਤੀ-ਥੋੜ੍ਹੇ ਦਾ ਕਿਵੇਂ ਫਿਰਦਾ ਹੈ ਸਈਆਂ

ਬਾਹਠੇ ਅੰਮ੍ਰਿਤਸਰ ਵਿਚ ਉਹ ਮੁੜ ਕੇ ਆਇਆ
ਦਲ-ਜੀਤ-ਇੰਦਰ ਨਾਲ ਉਸ ਦੀ ਮੰਚ ਸੁਹਾਇਆ
ਫੇਰ ਹੜ੍ਹਾਂ ਦੇ ਮਾਰਿਆਂ ਜਿਸ ਅੰਨ ਪੁਚਾਇਆ
ਦਰਦ ਬਣੀ ਤਾਸੀਰ ਹੈ ਕਦ ਮਿਟੇ ਮਿਟਾਇਆ
ਪੱਤ ਢੱਕਣ ਨੂੰ ਲਾਲ ਧੁਜ ਕਾਮ ਅਪਣਾਇਆ

'ਲੋਹੜੀ ਦੀ ਹੜਤਾਲ' ਕਰ ਫਿਰ 'ਦੀਵਾ ਬੁਝਿਆ'
'ਘੁੰਮਣ-ਘੇਰੀ', 'ਆਲ੍ਹਣਾ', 'ਤੀਲੇ' ਨਾ ਲੁਝਿਆ
'ਭਰੇ ਪਿਆਲੇ ਬੋਤਲਾਂ', 'ਲੂਣਾਂ' ਨਾ ਰੁਝਿਆ
'ਲੋਕ ਉਦਾਸੇ', 'ਇਛਿਆ ਦੇ ਜੰਗਲ' ਪੁੱਜਿਆ
'ਧਰਤੀ ਲੋਕ ਵੀਰਾਨ' ਸੀ 'ਅਧੂਰਾ' ਜੁਝਿਆ

'ਮੜ੍ਹੀ ਦਾ ਦੀਵਾ' ਬਾਲਿਆ ਸੀ 'ਅੱਗ ਦੀ ਧੂਣੀ'
'ਗੋਦੋ ਰਹੀ ਉਡੀਕ' ਸੀ ਨਾਟਕ ਦੀ ਜੂਨੀ
'ਰੈਣ ਬਸੇਰਾ' ਕੱਤ ਕੇ ਸੇਖੋਂ ਦੀ ਪੂਣੀ
'ਹਰਿਆ ਬੂਟ ਰਿਹਾ' ਫਿਰ ਕੀ ਸਿੱਲ ਅਲੂਣੀ
ਦਰਸ਼ਕ ਹੁੰਮ-ਹੁੰਮਾ ਕੇ ਭਰ ਜਾਂਦੇ ਖੂਹਣੀ

ਭੀੜੀ ਪੈ ਗਈ ਦੇਸ਼ 'ਤੇ ਕੀ ਹਾਲ ਹੰਗਾਮੀ

ਜਨਤਾ ਕਰਨ ਹਲਾਲ ਕੀ ਫਿਰ ਲੂਣ-ਹਰਾਮੀ
ਕਈ ਢੰਡੋਰਾ ਪਿੱਟਦੇ ਸਨ ਦਲ ਇਨਾਮੀ
ਸਿੰਘ ਮੁੜੇ ਨਾ ਮੋੜਿਆ ਕਿਉਂ ਲਏ ਖੁਨਾਮੀ
ਖੇਡੇ 'ਤਖ਼ਤ ਲਾਹੌਰ ਦਾ' ਵਜ-ਗਜ ਦਮਾਮੀ

ਲਾਬੋਂ ਟੁੱਟਿਆ ਫਿਕਰ ਨੀ 'ਮਸ਼ਾਲ' ਜਗਾਈ
'ਲੋਹੇ ਦੀ ਭੱਠੀ' ਰੋਹ ਭਰੀ ਸੀ ਗਰਮ ਲੜਾਈ
'ਬੰਦ ਕਮਰੇ' ਸੀ ਦਮਨ ਦੇ ਨਹੀਂ ਗਿੱਲ ਗੁਆਈ
'ਜਿੰਨ ਸੱਚ ਪੱਲੇ' ਹੋਇਆ ਪਿੰਡ-ਪਿੰਡ ਦੁਹਾਈ
ਹੋਅ ਸੋਲਾਂ ਸੈ, ਜਗਾਹ ਸੀ ਨੌਂ ਚਾਰ ਵਿਹਾਈ

ਹਰਨ ਕਲਾ ਦੀ ਲੋਕ ਗੁਰ ਹੈ ਵਡ-ਪ੍ਰਤਾਪੀ
ਦੇਸ਼-ਮੁਸ਼ਕਲਾਂ ਸਮਝਦਾ ਨਹੀਂ ਆਪਾ-ਧਾਪੀ
ਨਿੱਜ ਦੇ ਘਾਟੇ ਲਹਿਰ ਵਿਚ ਹੈ ਕਾਣ ਵਿਆਪੀ
ਦੂਰ-ਨੀਤੀ ਦੇ ਦੁਘੜੇ ਹੈ ਕਿਰਤ ਸਰਾਪੀ
ਸੂਰੇ ਸਾਥੀ ਕਾਮਿਓ ਸਣ ਮੇਲ-ਮਿਲਾਪੀ
ਰਣ ਬੰਦੇ ਦਾ ਮਾਰ ਲਓ ਸਾਂਝੀ ਥਾਪੀ।